BRITISH COLUMBIA HealthLinkBC

Punjabi - Number 23a
December 2009

# ਮੈਨਿੰਜੋਕੋਕਲ ਸੀ ਕੌਂਜੁਗੇਟ (Men-C) ਵੈਕਸੀਨ
# Meningococcal C Conjugate (Men-C) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਪਿਛਲੇ 50 ਸਾਲਾਂ ਵਿਚ ਇਮਿਊਨਾਇਜ਼ੇਸ਼ਨ ਨੇ ਕੈਨੇਡਾ ਵਿੱਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧ ਜਾਨਾਂ ਬਚਾਈਆਂ ਹਨ।

## ਮੈੱਨ-ਸੀ (Men-C) ਵੈਕਸੀਨ ਕੀ ਹੈ?

ਮੈੱਨ-ਸੀ ਵੈਕਸੀਨ ਮੈਨਿੰਜੋਕੋਕਲ ਬੈਕਟੀਰੀਆ ਦੀਆਂ ਬਹੁਤ ਪ੍ਰਚਲਤ ਕਿਸਮਾਂ ਵਿੱਚੋਂ ਇੱਕ, ਟਾਈਪ ਸੀ ਤੋਂ ਹੋਣ ਵਾਲੀ ਇਨਫ਼ੈਕਸ਼ਨ ਤੋਂ ਬਚਾਅ ਕਰਦਾ ਹੈ। ਵੈਕਸੀਨ Health Canada (ਹੈੱਲਥ ਕੈਨੇਡਾ) ਦੁਆਰਾ ਪਰਵਾਨਿਤ ਹੈ।

ਮੈੱਨ-ਸੀ ਵੈਕਸੀਨ ਤੁਹਾਡੇ ਬੱਚੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਇੱਕ ਹਿੱਸੇ ਵਜੋਂ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਮੁਲਾਕਾਤ ਵਾਸਤੇ ਆਪਣੇ ਸਥਾਨਕ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨੂੰ ਫ਼ੋਨ ਕਰੋ।

## ਮੈੱਨ-ਸੀ (Men-C) ਵੈਕਸੀਨ ਕਿਸ ਨੂੰ ਲਵਾਉਣਾ ਚਾਹੀਦਾ ਹੈ?

ਮੈੱਨ-ਸੀ ਵੈਕਸੀਨ ਬੱਚਿਆਂ ਨੂੰ ਦੋ ਖ਼ੁਰਾਕਾਂ ਜਾਂ ਟੀਕਿਆਂ ਦੀ ਲੜੀ ਵਜੋਂ ਦਿੱਤਾ ਜਾਂਦਾ ਹੈ। ਪਹਿਲੀ ਖ਼ੁਰਾਕ 2 ਮਹੀਨਿਆਂ ਦੀ ਉਮਰ 'ਤੇ ਦਿੱਤੀ ਜਾਂਦੀ ਹੈ ਅਤੇ ਦੂਜੀ 12 ਮਹੀਨਿਆਂ ਦੀ ਉਮਰ 'ਤੇ। ਇਹ ਵੈਕਸੀਨ ਬਚਪਣ ਦੀਆਂ ਹੋਰ ਇਮਿਊਨਾਇਜ਼ੇਸ਼ਨਜ਼ ਦੇ ਨਾਲ ਉਸੇ ਸਮੇਂ ਹੀ ਦਿੱਤਾ ਜਾਂਦਾ ਹੈ। ਇਸ ਵੈਕਸੀਨ ਦੀ ਇੱਕ ਖ਼ੁਰਾਕ 6 ਗਰੇਡ ਦੇ ਸਾਰੇ ਬੱਚਿਆਂ ਨੂੰ ਵੀ ਦਿੱਤੀ ਜਾਂਦੀ ਹੈ।

| Men-C ਵੈਕਸੀਨ | ਵੈਕਸੀਨ ਵੇਲੇ ਬੱਚੇ ਦੀ ਉਮਰ |
|---|---|
| ਪਹਿਲੀ ਖ਼ੁਰਾਕ | 2 ਮਹੀਨੇ |
| ਦੂਸਰੀ ਖ਼ੁਰਾਕ | 12 ਮਹੀਨੇ |
| 13 ਸਾਲ ਤੋਂ ਪਹਿਲਾਂ ਖ਼ੁਰਾਕ | 10-12 ਸਾਲ |

ਮੈੱਨ-ਸੀ ਵੈਕਸੀਨ ਉਨ੍ਹਾਂ ਨੂੰ ਵੀ ਦਿੱਤੀ ਜਾਂਦੀ ਹੈ ਜਿਨ੍ਹਾਂ:

- ਦੀ ਤਿੱਲੀ ਨਹੀਂ ਜਾਂ ਤਿੱਲੀ ਠੀਕ ਕੰਮ ਨਹੀਂ ਕਰ ਰਹੀ
- ਦੇ ਇਮਿਊਨ ਸਿਸਟਮ ਵਿੱਚ ਵਿਗਾੜ ਹੈ ਜਿਹਾ ਕਿ ਕੰਪਲੀਮੈਂਟ, ਪਰਾਪਰਡੀਨ ਅਤੇ ਫ਼ੈਕਟਰ ਡੀ ਦੀ ਕਮੀ, ਜਾਂ ਮੁੱਢਲੀ ਐਂਟੀਬਾਡੀ ਦੀ ਕਮੀ
- ਦਾ ਇਮਿਊਨ ਸਿਸਟਮ ਕਿਸੇ ਬਿਮਾਰੀ ਜਾਂ ਡਾਕਟਰੀ ਇਲਾਜ ਕਰਕੇ ਕਮਜ਼ੋਰ ਹੋ ਗਿਆ ਹੋਵੇ
- ਦੀ ਪਾਚਕ ਗ੍ਰੰਥੀ ਆਈਲੈੱਟ ਸੈੱਲ ਜਾਂ ਕਿਸੇ ਅੰਗ ਦਾ ਟ੍ਰਾਂਸਪਲਾਂਟ ਹੋਇਆ ਹੋਵੇ ਜਾਂ ਕੋਚਲੀਅਰ (ਅੰਦਰੂਨੀ ਕੰਨ) ਬਦਲਿਆ ਗਿਆ ਹੋਵੇ ਜਾਂ ਕਿਸੇ ਟ੍ਰਾਂਸਪਲਾਂਟ ਲਈ ਉਡੀਕ ਕਰ ਰਹੇ ਹਨ
- ਵਿੱਚ ਸਟੈੱਮ ਸੈੱਲ ਟ੍ਰਾਂਸਪਲਾਂਟ ਕੀਤਾ ਗਿਆ ਹੋਵੇ।

ਵੈਕਸੀਨ ਉਨ੍ਹਾਂ ਲੋਕਾਂ ਨੂੰ ਵੀ ਦਿੱਤਾ ਜਾਂਦਾ ਹੈ ਜੋ ਮੈਨਿੰਜੋਕੋਕਲ ਬੈਕਟੀਰੀਆ ਟਾਈਪ ਸੀ ਦੇ ਮਰੀਜ਼ ਦੇ ਨੇੜਲੇ ਸੰਪਰਕ ਵਿੱਚ ਰਹੇ ਹੋਣ।

ਲਈਆਂ ਗਈਆਂ ਸਾਰੀਆਂ ਇਮਿਊਨਾਈਜ਼ੇਸ਼ਨਜ਼ ਦਾ ਰਿਕਾਰਡ ਰੱਖਣਾ ਬੜਾ ਮਹੱਤਵਪੂਰਨ ਹੈ।

## ਵੈਕਸੀਨ ਦੇ ਫ਼ਾਇਦੇ

ਮੈਨਿੰਜੋਕੋਕਲ ਟਾਈਪ ਸੀ ਇਨਫ਼ੈਕਸ਼ਨ ਤੋਂ ਬਚਾਅ ਕਰਨ ਵਾਲੇ ਵੈਕਸੀਨ ਤੁਹਾਡੇ ਬੱਚੇ ਨੂੰ ਗੰਭੀਰ ਅਤੇ ਕਈ ਵਾਰ ਜਾਨਲੇਵਾ ਬਿਮਾਰੀ ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹਨ।

ਆਪਣੇ ਬੱਚੇ ਨੂੰ ਵੈਕਸੀਨ ਲਗਵਾ ਕੇ ਤੁਸੀਂ ਦੂਜਿਆਂ ਦੇ ਬਚਾਅ ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਤੋਂ ਬਾਅਦ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਮੈਨਿੰਜੋਕੋਕਲ ਬੀਮਾਰੀ ਨਾਲੋਂ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਵੈਕਸੀਨ ਦੇ ਆਮ ਰੀਐਕਸ਼ਨਾਂ ਵਿੱਚ ਟੀਕੇ ਵਾਲੀ ਥਾਂ ਦਾ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ ਸ਼ਾਮਲ ਹੋ ਸਕਦੇ ਹਨ। ਵੈਕਸੀਨ ਲਗਵਾਉਣ ਤੋਂ ਬਾਅਦ 24 ਘੰਟਿਆਂ ਦੇ ਅੰਦਰ ਅੰਦਰ ਬੁਖ਼ਾਰ, ਸੁਸਤੀ, ਚਿੜਚਿੜਾਪਣ, ਭੁੱਖ ਨਾ ਲੱਗਣਾ ਜਾਂ ਹਲਕੀ ਸਿਰ ਪੀੜ੍ਹ ਹੋ ਸਕਦੇ ਹਨ। ਇਹ ਰੀਐਕਸ਼ਨ ਹਲਕੇ ਹੁੰਦੇ ਹਨ ਅਤੇ ਆਮ ਕਰਕੇ 1 ਤੋਂ 2 ਦਿਨਾਂ ਤੱਕ ਰਹਿੰਦੇ ਹਨ।

Acetaminophen (ਐਸੀਟਾਮੀਨੋਫ਼ੇਨ) ਜਾਂ Tylenol® (ਟੈਲੀਨੋਲ) ਬੁਖ਼ਾਰ ਲਈ ਜਾਂ ਦਰਦ ਲਈ ਦਿੱਤੀ ਜਾ ਸਕਦੀ ਹੈ। ASA (ਏ.ਐਸ.ਏ) ਜਾਂ Aspirin® (ਐਸਪਰੀਨ) ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿੱਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ ਪਰ ਫਿਰ ਵੀ ਇੱਕ ਜਾਨਲੇਵਾ ਐਲਰਜਿਕ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ਼ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਂਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫ਼ੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਦਸ ਲੱਖ ਲੋਕਾਂ ਵਿਚੋਂ ਇੱਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਮੈੱਨ-ਸੀ (ਏਨ-ਛ) ਵੈਕਸੀਨ ਕਿਸ ਨੂੰ ਨਹੀਂ ਲਵਾਉਂਣਾ ਚਾਹੀਦਾ?

ਜੇਕਰ ਤੁਹਾਡੇ ਬੱਚੇ ਨੂੰ ਮੈਨਿੰਜੋਕੋਕਲ ਵੈਕਸੀਨ ਜਾਂ ਵੈਕਸੀਨ ਵਿਚਲੇ ਕਿਸੇ ਅੰਸ਼, ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਜਾਂ ਕੱਚੀ ਰਬੜ ਨਾਲ ਜਾਨਲੇਵਾ ਰੀਐਕਸ਼ਨ ਹੋਇਆ ਹੋਵੇ ਤਾਂ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

## ਮੈਨਿੰਜੋਕੋਕਲ ਸੀ ਇਨਫ਼ੈਕਸ਼ਨ ਕੀ ਹੈ?

ਮੈਨਿੰਜੋਕੋਕਲ ਸੀ ਇਨਫ਼ੈਕਸ਼ਨ ਇੱਕ ਮੈਨਿੰਜੋਕੋਕਲ ਟਾਈਪ ਸੀ ਨਾਮਕ ਜਰਮ (ਜਾਂ ਬੈਕਟੀਰੀਆ) ਕਾਰਨ ਹੁੰਦੀ ਹੈ। ਇਸ ਨਾਲ ਗੰਭੀਰ ਅਤੇ ਜਾਨਲੇਵਾ ਇਨਫ਼ੈਕਸ਼ਨਜ਼ ਪੈਦਾ ਹੋ ਸਕਦੀਆਂ ਹਨ, ਜਿਸ ਵਿੱਚ ਸ਼ਾਮਲ ਹਨ ਮੈਨਿੰਜਾਈਟਿਸ, ਦਿਮਾਗ ਨੂੰ ਢੱਕਣ ਵਾਲੀ ਝਿੱਲੀ ਦੀ ਇੱਕ ਇਨਫ਼ੈਕਸ਼ਨ ਅਤੇ ਸੈਪਟੀਸੇਮੀਆ, ਖੂਨ ਦੀ ਇੱਕ ਇਨਫ਼ੈਕਸ਼ਨ। ਹਰ 100 ਬੀਮਾਰ ਬੱਚਿਆਂ ਵਿਚੋਂ 15 ਤੱਕ ਮਰ ਜਾਂਦੇ ਹਨ। ਇਨਫ਼ੈਕਸ਼ਨ ਦੀਆਂ ਸਥਾਈ ਜਟਲਤਾਵਾਂ ਵਿੱਚ ਦਿਮਾਗ ਦਾ ਨੁਕਸਾਨ ਅਤੇ ਬੋਲ਼ਾਪਣ ਸ਼ਾਮਲ ਹੈ।

ਮੈਨਿੰਜੋਕੋਕਲ ਇਨਫ਼ੈਕਸ਼ਨ ਖੰਘਣ, ਛਿੱਕਣ ਜਾਂ ਮੂੰਹੋਂ ਮੂੰਹੀਂ ਨਿਕਟ ਸੰਪਰਕ ਦੁਆਰਾ ਇੱਕ ਵਿਅੱਕਤੀ ਤੋਂ ਦੂਜੇ ਵਿਅੱਕਤੀ ਤੱਕ ਫੈਲਦੀ ਹੈ। ਇਹ ਮੂੰਹ ਦੀਆਂ ਰਾਲਾਂ ਜਾਂ ਥੁੱਕ ਰਾਹੀਂ ਵੀ ਫੈਲ ਸਕਦੀ ਹੈ। ਬਾਲ ਅਤੇ ਛੋਟੇ ਬੱਚੇ ਹੋਰ ਬੱਚਿਆਂ ਨਾਲ ਨਿਪਲ, ਬੋਤਲਾਂ ਜਾਂ ਹੋਰਨਾਂ ਦੁਆਰਾ ਵਰਤੇ ਗਏ ਖਿਡੌਣੇ ਸਾਂਝੇ ਕਰਨ ਕਰਕੇ ਬੀਮਾਰ ਹੋ ਸਕਦੇ ਹਨ। ਵੱਡੀ ਉਮਰ ਦੇ ਬੱਚੇ ਅਤੇ ਕਿਸ਼ੋਰ ਉਮਰ ਦੇ ਵਿਅਕਤੀ ਚੁੰਮਣ, ਜਾਂ ਭੋਜਨ, ਪੀਣ ਵਾਲੀਆਂ ਚੀਜ਼ਾਂ, ਸਿਗਰਟਾਂ, ਲਿਪਸਟਿਕਾਂ, ਪਾਣੀ ਦੀਆਂ ਬੋਤਲਾਂ, ਖੇਡਾਂ ਲਈ ਵਰਤੇ ਜਾਂਦੇ ਮਾਊਥਗਾਰਡ ਜਾਂ ਮੂੰਹ ਨਾਲ ਵਜਾਏ ਜਾਂਦੇ ਸੰਗੀਤਕ ਸਾਜ਼ਾਂ ਦੇ ਮਾਊਥਪੀਸਾਂ ਨੂੰ ਸਾਂਝਿਆਂ ਕਰਨ ਜਿਹੇ ਕਾਰਨਾਂ ਕਰਕੇ ਬੀਮਾਰ ਹੋ ਸਕਦੇ ਹਨ।

ਬਚਪਨ ਸਮੇਂ ਦੇ ਬਾਕਾਇਦਾ ਵੈਕਸੀਨੇਸ਼ਨ ਪ੍ਰੋਗਰਾਮਾਂ ਕਾਰਨ ਬੀ.ਸੀ. ਵਿੱਚ ਮੈਨਿੰਜੋਕੋਕਲ ਟਾਈਪ ਸੀ ਬੀਮਾਰੀ ਹੁਣ ਬਹੁਤ ਘੱਟ ਹੁੰਦੀ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ ਜਾਂ ਸਰਪ੍ਰਸਤਾਂ ਦੀ ਸਹਿਮਤੀ ਲੈਣ ਲਈ ਹਰੇਕ ਯਤਨ ਕੀਤਾ ਜਾਂਦਾ ਹੈ। 19 ਸਾਲ ਤੋਂ ਘੱਟ ਉਮਰ ਦੇ ਬੱਚੇ, ਜਿਹੜੇ ਖ਼ਤਰਿਆਂ ਅਤੇ ਫ਼ਾਇਦਿਆਂ ਨੂੰ ਸਮਝਣ ਦੇ ਯੋਗ ਹਨ, ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ, ਭਾਵੇਂ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀਆਂ ਇੱਛਾਵਾਂ ਕੁਝ ਵੀ ਹੋਣ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਪੇ/ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਬਾਰੇ ਪਹਿਲਾਂ ਗੱਲਬਾਤ ਕਰ ਲੈਣ ਅਤੇ ਕੋਈ ਵੀ ਸਵਾਲ ਹੋਵੇ ਤਾਂ ਨਰਸ ਜਾਂ ਡਾਕਟਰ ਨੂੰ ਪੁੱਛ ਲੈਣ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫ਼ੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫ਼ੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA
The Best Place on Earth
ImmunizeBC
BC Centre for Disease Control
AN AGENCY OF THE PROVINCIAL HEALTH SERVICES AUTHORITY